ੴ

# ਗੁਰਬਾਣੀ ਵਿਚਾਰ

50

# ਧਰਮ ਜਾਂ ਮਜ਼ਹਬ

ਭਾਗ – 5

‘ਖੋਜੀ’

# ਧਰਮ ਯਾ ਮਜ਼ਹਬ

## ਭਾਗ-5

ਮਾਂ-ਆਪਣੇ ਬਚਿਆਂ ਨੂੰ ਕਿਸਮਤ ਤੇ ਨਹੀਂ ਛੱਡਦੀ, ਬਲਕਿ **'ਮਮਤਾ' ਦੇ ਪਿਆਰ ਵਿਚ** ਉਹਨਾਂ ਨੂੰ, ਭੈੜੀ ਕੁਸੰਗਤ ਤੋਂ ਬਚਾ ਕੇ, ਚੰਗੇਰੇ ਤੇ ਉਚੇਰੇ ਜੀਵਨ ਵੱਲ **ਪ੍ਰੇਰਦੀ ਰਹਿੰਦੀ ਹੈ।**

ਐਨ ਏਸੇ ਤਰ੍ਹਾਂ-ਅਕਾਲ ਪੁਰਖ ਨੇ ਭੀ ਆਪਣੀ **'ਅੰਸ ਰੂਪ' ਜੀਵਾਂ** ਨੂੰ ਮਾਇਕੀ ਮੰਡਲ ਦੇ ਭਰਮ-ਭੁਲਾਵੇ ਤੋਂ **ਮੋੜ ਕੇ** :—

1. ਨੀਵੇਂ ਅਤੇ ਭੈੜੇ ਜੀਵਨ ਤੋਂ ਬਚਾਉਣ ਲਈ,
2. ਉਚੇਰੀ ਦੈਵੀ 'ਜੀਵਨ-ਸੇਧ' ਦੇਣ ਲਈ,
3. ਮਾਇਆ ਦੇ ਅਗਨ-ਸੋਕ ਸਾਗਰ ਤੋਂ ਬਚਾਉਣ ਲਈ,
4. ਜਮਾਂ ਤੋਂ ਰਖਿਆ ਲਈ,
5. ਭਜਨ ਬੰਦਗੀ ਦੇ ਉਤਸ਼ਾਹ ਲਈ,
6. ਦੈਵੀ ਗੁਣ ਧਾਰਨ ਲਈ,
7. 'ਲੋਕ-ਸੁਖੀ' ਅਤੇ ਪ੍ਰਲੋਕ ਸੁਹੇਲੇ ਬਣਾਉਣ ਲਈ,
8. ਆਤਮਿਕ ਕਲਿਆਣ ਲਈ,
9. ਇਲਾਹੀ ਪਿਆਰ ਮਾਣਨ ਲਈ,
10. ਸ਼ਬਦ ਵਿਚ ਸੁਰਤ ਜੋੜਨ ਲਈ,

ਸਮੇਂ ਸਮੇਂ ਸਿਰ, ਗੁਰੂ ਅਵਤਾਰ, ਮਹਾਂਪੁਰਖ, ਜੱਗ ਵਿਚ ਪਠਾਏ ਜਿਨ੍ਹਾਂ ਨੇ ਆਪਣੀ ਨਿਘੀ ਗੁਣਾਂ ਭਰੀ ਸ਼ਖਸੀਅਤ, ਉਚੇ ਸੁਚੇ ਨਿਜੀ-ਜੀਵਨ ਅਤੇ ਕਲਿਆਣ-ਦਾਇਕ ਬਚਨਾਂ ਅਤੇ ਬਾਣੀਆਂ ਦੁਆਰਾ, ਸਮੇਂ ਦੀ ਲੋੜ ਨੂੰ ਮੁੱਖ ਰਖਕੇ, ਵਖ-ਵਖ ਦੇਸ਼ਾਂ ਵਿਚ, ਅੱਡ-ਅੱਡ **ਬਾਹਰਲੇ 'ਧਰਮ' ਸਾਜੇ** ਅਤੇ ਉਹਨਾਂ ਦਾ ਪ੍ਰਚਾਰ ਕੀਤਾ।

ਭਾਵੇਂ ਇਹਨਾਂ ਧਰਮਾਂ ਦੇ ਰੇਖ, ਭੇਖ, ਦਰਸ਼ਨ, ਅਸੂਲ, ਮਰਿਆਦਾ, ਰਹੁ-ਰੀਤਾਂ, ਰਵਾਇਤਾਂ, ਕਰਮ-ਕਿਰਿਆ, ਸਾਧਨ, ਬੋਲੀ, ਬਾਣੀ, ਮੰਤ੍ਰ ਅਤੇ ਨਾਉਂ, ਬਾਹਰੋਂ ਵੱਖ-ਵੱਖ, ਮੁਖ਼ਾਲਿਫ਼ ਤੇ ਉਲਟ ਪ੍ਰਤੀਤ ਹੁੰਦੇ ਹਨ, ਪਰ ਜੇ ਗਹੁ ਨਾਲ ਘੋਖਿਆ ਜਾਵੇ ਤਾਂ ਇਹਨਾਂ ਸਾਰਿਆਂ ਦੀ ਤਹਿ ਹੇਠ ਇਕੋ-ਇਕ, ਗ਼ੈਬੀ, ਗੁਪਤ, **ਸੂਖਮ ਆਤਮਿਕ 'ਧਰਮੁ' ਦੀ ਹੀ 'ਭਾਵਨਾ' ਯਾ 'ਪ੍ਰੀਤ-ਡੋਰੀ' ਦੀ ਅਮਿਟ 'ਖਿੱਚ' ਪ੍ਰਤੀਤ ਹੋਵੇਗੀ।**

ਜਿਨ੍ਹਾਂ ਪਛੜੇ ਲੋਕਾਂ ਨੂੰ ਕਿਸੇ 'ਰੱਬੀਅਤ' ਯਾ ਧਰਮ ਦਾ ਕੋਈ ਗਿਆਨ ਨਹੀਂ ਹੁੰਦਾ, ਉਹ ਕਈ ਵਾਰੀ ਭੈ-ਭੀਤ ਅਤੇ ਬੇਵਸ ਹੋਕੇ ਕੁਦਰਤੀ **ਆਫ਼ਤਾਂ ਤੋਂ ਬਚਣ ਲਈ,** ਜਾਂ ਕਿਸੇ **ਸੁਆਰਥ ਦੀ ਪੂਰਤੀ ਲਈ,** ਜਾਂ ਦੂਜਿਆਂ ਦੀ ਵੇਖੋ-ਵੇਖੀ ਅਥਵਾ **ਰੀਸ ਕਰਕੇ** ਆਪਣੇ ਤੋਂ ਕਿਸੇ **'ਪ੍ਰਬਲ' ਸ਼ਕਤੀ ਦੀ ਓਟ ਜਾਂ ਆਸਰਾ ਭਾਲਦੇ ਹਨ।** ਉਹਨਾਂ ਨੂੰ **ਖੁਸ਼ ਕਰਨ ਅਤੇ ਕਰੋਪੀ ਤੋਂ ਬਚਣ ਲਈ, ਸੁਖਣਾ ਸੁਖਦੇ ਜਾਂ ਪੂਜਾ ਆਦਿ ਕਰਦੇ ਹਨ;** ਜਿਹਾ ਕਿ ਪਾਣੀ, ਬੈਸੰਤਰ, ਗੁੱਗਾ, ਭੂਤ, ਪ੍ਰੇਤ, ਚੰਦ, ਸੂਰਜ, ਥਿਤ, ਵਾਰ, ਗਊ, ਪਿੱਪਲ, ਦੇਵੀ-ਦੇਵਤੇ, ਭੈਰੋਂ, ਸ਼ੀਤਲਾ ਆਦਿ, **'ਤੇਤੀ-ਕਰੋੜ' ਦੇਵੀ-ਦੇਵਤਿਆਂ ਦੀ ਲੋਕ 'ਮਨੌਤ' ਕਰਦੇ ਆਏ ਹਨ।**

ਲੋਕਾਂ ਦਾ, ਉਸ ਅਗੰਮ, ਅਗਾਧ-ਬੋਧ, ਅਦ੍ਰਿਸ਼ਟ ਬਾਰੇ **ਗਿਆਨ ਨਾ ਹੋਣ ਕਰਕੇ, ਦੇਵੀ-ਦੇਵਤੇ ਦੀ ਸ਼ਰਣ ਜਾਣਾ ਅਤੇ ਮਨੌਤ-ਕਰਨੀ,** ਉਸੇ **ਅੰਤ੍ਰ-ਮੁਖੀ ਗ਼ੈਬੀ ਆਤਮਿਕ 'ਧਰਮ' ਦਾ ਹੀ 'ਝੌਲਾ' ਜਿਹਾ ਪ੍ਰਤੀਕ ਜਾਂ ਬਾਹਰਮੁਖੀ ਪ੍ਰਗਟਾਵਾ ਹੈ।**

ਇਹ ਅੰਤ੍ਰੀਵ ਗ਼ੈਬੀ, ਇਕੋ-ਇਕ, 'ਆਤਮਿਕ ਧਰਮੁ' ਤਾਂ ਅਲਪ ਬੁੱਧੀ ਵਾਲੇ ਜੀਵ ਦੀ **ਸਮਝ ਅਤੇ ਪਕੜ ਤੋਂ ਪਰੇ ਹੈ।** ਪਰ ਬਾਹਰਲੇ 'ਧਰਮ' ਨੂੰ ਅਜਿਹਾ 'ਜੀਵ' ਆਪਣੀ ਮਰਜ਼ੀ ਨਾਲ ਸਮਝ ਕੇ, **ਯਥਾ-ਸ਼ਕਤੀ ਕਮਾ ਸਕਦਾ ਹੈ** ਅਤੇ ਆਪਣਾ ਮਾਇਕੀ ਜੀਵਨ ਸਫ਼ਲ ਕਰ ਸਕਦਾ ਹੈ।

ਦੂਜੇ ਲਫ਼ਜ਼ਾਂ ਵਿਚ, **ਅੰਤ੍ਰੀਵ ਗ਼ੈਬੀ ਇਲਾਹੀ ਧਰਮੁ ਨੂੰ :**

**ਬੁੱਝਣ ਅਤੇ ਅਨੁਭਵ ਕਰਨ ਲਈ,**

ਬਾਹਰਲੇ 'ਧਰਮ' ਦਾ ਗਿਆਨ ਅਤੇ ਕਮਾਈ ਇਕ ਪ੍ਰਕਾਰ ਨਾਲ ਪਉੜੀ, ਵਿਚੋਲਾ, ਪੁਲ, ਜ਼ਰੀਆ, ਸਾਧਨ, ਸੇਧ, ਜਾਂ ਸੋਝੀ **ਬਣਦੀ ਹੈ।**

ਇਸ ਤਰ੍ਹਾਂ ਇਹ **ਬਾਹਰ-ਮੁਖੀ 'ਧਰਮ'** ਜੀਵ ਲਈ ਬੇਅਰਥ ਨਹੀਂ, ਸਗੋਂ ਅਤਿ ਜ਼ਰੂਰੀ ਅਤੇ **ਲਾਜ਼ਮੀ ਹਨ।**

ਇਹਨਾਂ **ਬਾਹਰਮੁਖੀ ਧਰਮਾਂ ਤੋਂ**

**ਬਗ਼ੈਰ**

ਇਨਸਾਨ **ਮਾਇਆ ਦੇ ਭਰਮ-ਭੁਲਾਵੇ ਵਿਚ** ਆਪਣੇ **ਅੰਤਰ-ਗਤ ਗ਼ੈਬੀ, ਇਲਾਹੀ ਧਰਮੁ ਤੋਂ ਅਗਿਆਤ ਅਤੇ ਬੇਮੁਖ ਹੋਇਆ ਰਹਿੰਦਾ ਹੈ** ਅਤੇ ਅਣਜਾਣੇ ਹੀ ਰਸਾਤਲ ਵੱਲ ਸਹਜ-ਸੁਭਾਇ ਰੁੜ੍ਹਿਆ ਜਾਂਦਾ ਹੈ। ਇਸ ਤਰ੍ਹਾਂ ਨੀਵੇਂ ਕਰਮਾਂ ਦੁਆਰਾ ਮੋਹ-ਮਾਇਆ ਦੇ ਅਗਨ-ਸੋਕ ਸਾਗਰ ਵਿਚ ਸੜਦਾ, ਬਲਦਾ ਰਹਿੰਦਾ ਹੈ, ਕਰਮ-ਬੱਧ ਹੋ ਕੇ ਨਤੀਜੇ ਭੁਗਤਦਾ ਅਤੇ ਜਮਾਂ ਦੇ ਵਸ ਪੈਂਦਾ ਹੈ।

ਬਾਹਰਮੁਖੀ ਧਰਮ —

ਅੱਡੋ-ਅੱਡ ਮਹਾਂਪੁਰਖਾਂ ਨੇ
ਭਿੰਨ ਭਿੰਨ ਦੇਸ਼ਾਂ ਵਿਚ

ਸਮੇਂ ਦੀ ਲੋੜ ਅਨੁਸਾਰ
ਅਲਗ-ਅਲਗ ਯੁਗ ਯਾ ਸਮੇਂ ਵਿਚ
ਵੱਖ ਵੱਖ ਵਾਤਾਵਰਨ ਵਿਚ
ਵੱਖ-ਵੱਖ ਬੋਲੀਆਂ ਸਮਝਣ ਤੇ ਬੋਲਣ ਵਾਲਿਆਂ ਲਈ,

**ਰਚੇ ਸਨ।** ਇਸ ਲਈ ਇਨਾਂ ਦੇ ਰੇਖਾਂ, ਭੇਖਾਂ, ਰਸਮਾਂ, ਰਵੈਤਾਂ, ਅਸੂਲਾਂ, ਮਰਿਆਦਾ, ਕਰਮ-ਕਿਰਿਆ, ਬਾਣੀ, ਮੰਤ੍ਰ, ਨਾਵਾਂ, ਬੋਲੀਆਂ, ਗਿਆਨ, ਸਾਧਨਾ,

**ਵਿਚਕਾਰ** –

ਅਪਣੱਤ, ਵਿਸ਼ੇਸ਼ਤਾ, ਭਿੰਨਤਾ, ਵਿਲੱਖਣਤਾ, ਵੱਖਰਾਪਨ ਹੋਣਾ ਸੁਭਾਵਕ ਹੈ।

ਬਾਹਰਮੁਖੀ **ਧਰਮਾਂ ਯਾ ਮਜ਼ਹਬਾਂ ਦੇ ਵਿਚਕਾਰ ਭਿੰਨਤਾ ਤੋਂ ਇਲਾਵਾ, ਆਪੂੰ ਅਪਣਾਏ, ਇਕੋ ਧਰਮ ਨੂੰ ਮੰਨਣ ਵਾਲਿਆਂ ਵਿੱਚ ਭੀ,** ਉਹਨਾਂ ਦੇ ਪਿਛਲੇ ਸੰਸਕਾਰਾਂ ਅਤੇ ਏਸ ਜਨਮ ਦੀ ਭਿੰਨ-ਭਿੰਨ ਸੰਗਤ ਅਤੇ ਵਾਤਾਵਰਣ ਅਨੁਸਾਰ, **ਵਿਲੱਖਣਤਾ ਹੁੰਦੀ ਹੈ।** ਹੋਰ ਤਾਂ ਹੋਰ, **ਇਕ ਪਰਿਵਾਰ ਦੇ ਮੈਂਬਰਾਂ** ਵਿਚ ਭੀ, **ਧਰਮ ਦੇ ਆਧਾਰ ਤੇ** –

ਵਿਤਕਰਾ
ਵਿਲੱਖਣਤਾ
ਖਿਚੋਤਾਣ
ਦਵੈਤ
ਸ਼ੱਕ
ਘਿਰਣਾ
ਤਅੱਸੁਬ

**ਆਮ ਵੇਖਣ ਵਿਚ ਆਉਂਦਾ ਹੈ।**

ਇਨਾਂ ਦੀਰਘ, **ਹਾਨੀਕਾਰਕ, 'ਸਵੈ-ਵਿਰੋਧੀ' ਧਾਰਮਿਕ ਖ਼ਿਆਲਾਂ ਅਤੇ ਨਿਸ਼ਚਿਆਂ ਦਾ ਮੁਢਲਾ ਕਾਰਨ** ਇਹ ਹੈ, ਕਿ ਅਸੀਂ ਆਪਣੇ ਗੁਪਤ, ਮੂਲ, ਅਸਲੀ, ਧੁਰੋਂ-ਆਏ, ਨਾਲ ਲਿਖੇ, ਨਿਜੀ, ਅੰਤਰ-ਮੁਖੀ, ਆਤਮਿਕ, ਪ੍ਰੇਮ-ਸਰੂਪ, **ਇਕੋ-ਇਕ, 'ਧਰਮੁ' ਨੂੰ ਭੁੱਲ ਗਏ ਹਾਂ ਅਤੇ ਸਾਨੂੰ ਉਸ ਬਾਰੇ ਸੋਝੀ ਨਹੀਂ ਰਹੀ।**

ਇਸ **ਦੀਰਘ ਅਤੇ ਭਿਆਨਕ 'ਭੁੱਲ' ਵਿਚ,** ਸਿਰਫ਼ ਆਮ ਜਨਤਾ ਹੀ ਨਹੀਂ **ਬਲਕਿ ਸਾਡੇ ਅਖੌਤੀ ਧਾਰਮਿਕ ਪ੍ਰਚਾਰਕ ਅਤੇ ਆਗੂ ਭੀ, ਫਸੇ** ਹੋਏ ਹਨ।

'ਗੁਰਬਾਣੀ' ਦੀ **ਆਤਮਿਕ ਰੋਸ਼ਨੀ ਯਾ ਅਨੁਭਵੀ ਗਿਆਨ ਤੋਂ ਬਗੈਰ ਇਹ ਬਾਹਰਲੇ 'ਧਰਮ'** ਭੀ ਮਾਇਆ ਦੇ ਭਰਮ-ਭੁਲਾਵੇ ਦੇ 'ਹਨੇਰ' **ਵਿਚ ਹੀ ਵਿਚਰ ਰਹੇ** ਹਨ।

"ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ ॥" (ਪੰ.-੯੭੩)

"ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥" (ਪੰਨਾ-੬੫੫)

ਦੂਜੇ ਲਫ਼ਜ਼ਾਂ ਵਿਚ, **ਅਗਿਆਨਤਾ ਕਾਰਨ**, ਅਸੀਂ **ਗੁਰਬਾਣੀ ਦੀ ਆਤਮਿਕ ਰੋਸ਼ਨੀ ਤੋਂ ਓਹਲੇ ਹੋ ਗਏ ਹਾਂ ਅਤੇ ਮਾਇਆ ਦੇ 'ਅੰਧ' ਗੁਬਾਰ ਵਿਚ ਭੁਲੇ-ਭਟਕਦੇ ਬਾਹਰਲੇ 'ਧਰਮਾਂ' ਦੇ ਆਤਮਿਕ 'ਆਦੇਸ਼ਾਂ' ਅਤੇ ਉਪਦੇਸ਼ਾਂ ਨੂੰ ਭੀ** :—

ਫੋਕੀ

ਕੂੜੀ

ਦਿਮਾਗੀ

ਗਲਤ

ਮਾਇਕੀ

ਹਉਂਧਾਰੀ

**'ਰੰਗਤ' ਚਾੜ ਦਿੰਦੇ ਹਾਂ ਅਤੇ ਆਪੂੰ-ਘੜੇ ਖ਼ਿਆਲਾਂ, ਨਿਸਚਿਆਂ** ਦੀ ਪਾਹ ਦੇ ਕੇ, **ਆਪਣੇ ਨਿਜੀ ਸੁਆਰਥਾਂ ਦੀ ਪੂਰਤੀ ਕਰਦੇ ਹਾਂ।** ਇਸ ਤਰ੍ਹਾਂ ਅਸੀਂ :-

ਆਪਣੇ ਆਪ ਨੂੰ ਧੋਖਾ ਦਿੰਦੇ ਹਾਂ
ਗੁਰੂ ਤੋਂ ਬੇਮੁਖ ਹੁੰਦੇ ਹਾਂ
ਵੈਰ-ਵਿਰੋਧ ਵਧਾਉਂਦੇ ਹਾਂ
ਡਰ ਤੇ ਸਹਿਮ ਵਿਚ ਰਹਿੰਦੇ ਹਾਂ
ਆਪਣੇ ਧਾਰੇ ਹੋਏ ਧਰਮ ਦੀ ਨਿਖੇਧੀ ਕਰਦੇ ਹਾਂ
ਮੋਹ ਮਾਇਆ ਵਿਚ ਹੋਰ ਫਸਦੇ ਹਾਂ
ਮਾਇਆ ਵਿਚ 'ਪਲਚ ਪਲਚ' ਕੇ ਜੀਵਨ ਬਤੀਤ ਕਰਦੇ ਹਾਂ
ਕਰਮ-ਬੱਧ ਹੁੰਦੇ ਹਾਂ
ਜਮਾਂ ਦੇ ਵਸ ਪੈਂਦੇ ਹਾਂ ਅਤੇ

ਆਪਣੇ **ਅਸਲੀ ਨਿਜੀ ਇਲਾਹੀ 'ਧਰਮੁ' ਤੋਂ ਦੁਰੇਡੇ ਹੋ ਜਾਂਦੇ ਹਾਂ।** ਸਾਨੂੰ ਇਹ ਗੱਲ **ਭੁੱਲ ਜਾਂਦੀ ਹੈ ਕਿ,** ਇਹ **ਬਾਹਰ-ਮੁਖੀ ਧਰਮ** ਤਾਂ ਕੇਵਲ —

ਯਤਨ ਹਨ — **ਨਤੀਜਾ ਨਹੀਂ।**
ਸਾਧਨ ਹਨ — **ਪੂਰਨਤਾ ਨਹੀਂ।**
ਪੌੜੀਆਂ ਹਨ — **ਸਿਖਰ ਨਹੀਂ।**
ਪੜਾ ਹਨ — **ਮੰਜ਼ਿਲ ਨਹੀਂ।**
ਕਲਾਸਾਂ ਹਨ — **ਡਿਗਰੀ ਨਹੀਂ।**

ਗਿਆਨ ਹੈ — **ਅਨੁਭਵ-ਪ੍ਰਕਾਸ਼ ਨਹੀਂ।**
**ਫੋਕਟ ਹਨ** — **ਰਸ ਨਹੀਂ।**
ਸੁਕੇ ਫੁੱਲ ਹਨ — **ਮਹਿਕ ਨਹੀਂ।**
ਬਲਬ ਹਨ — **ਰੌਸ਼ਨੀ ਨਹੀਂ।**
ਉਦਮ ਹਨ — **ਪ੍ਰਾਪਤੀ ਨਹੀਂ।**

ਪਰ ਅਸੀਂ, 'ਆਤਮਿਕ ਧਰਮੁ' ਦੇ ਸਫ਼ਰ ਦੀ **ਸਚਖੰਡੀ ਮੰਜ਼ਿਲ ਨੂੰ ਭੁੱਲ ਕੇ, ਬਾਹਰਮੁਖੀ ਧਰਮ ਦੇ 'ਪੜਾ' ਨੂੰ ਹੀ, 'ਮੰਜ਼ਿਲ ਸਮਝ' ਕੇ, 'ਰਾਹ' ਵਿਚ ਅਟਕ ਜਾਂਦੇ ਹਾਂ।**

"ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥" (ਪੰਨਾ-੧੩੬੯)

"ਕੇਵਲ ਕਰਮ ਭਰਮ ਸੇ ਚੀਨਹੁ ਧਰਮ ਕਰਮ ਅਨੁਰਾਗੋ ॥" (ਰਾਮਕਲੀ ਪਾ: ੧੦)

ਅਨੇਕਾਂ ਜੀਵਾਂ ਨੂੰ ਤਾਂ ਆਪਣੇ **ਜੀਵਨ ਨਿਸ਼ਾਨੇ ਦੀ ਹੀ ਸੋਝੀ ਨਹੀਂ।** ਉਨ੍ਹਾਂ ਨੂੰ ਗਿਆਨ ਹੀ ਨਹੀਂ ਕਿ **ਜੀਵਨ ਦਾ ਕੋਈ ਵਿਸ਼ੇਸ਼ ਮਨੋਰਥ ਹੈ।** ਜਿਸ ਨੂੰ 'ਨਿਸ਼ਾਨੇ' ਦੀ ਸੋਝੀ ਨਹੀਂ, ਉਹ **ਕਿਸ ਸੇਧ ਤੇ ਚੱਲੇ?** ਅਜਿਹੇ ਲੋਕਾਂ ਨੂੰ **ਦ੍ਰਿਸ਼ਟਮਾਨ ਦੁਨਿਆਵੀ 'ਪੜਾਵਾਂ' ਦੇ 'ਸੁਆਦ' ਹੀ 'ਖਿਚਾਂ' ਪਾਉਂਦੇ ਹਨ। 'ਅਨਰਸਾਂ'** ਦਾ ਸੁਆਦ ਹੀ, ਉਨ੍ਹਾਂ ਲਈ **'ਮਹਾਂਅਨੰਦ'** ਹੈ, ਭਾਵੇਂ ਇਨ੍ਹਾਂ ਨਾਲ ਉਨ੍ਹਾ ਦੀ **ਪਿਆਸ ਕਦੇ ਨਹੀਂ ਬੁਝਦੀ।**

"ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥ (ਪੰਨਾ-੯੨੧)

"ਆਨ ਰਸਾ ਜੇਤੇ ਤੈ ਚਾਖੇ ॥ ਨਿਮਖ ਨ ਤ੍ਰਿਸਨਾ ਤੇਰੀ ਲਾਥੇ ॥ (ਪੰਨਾ-੧੮੦)

ਇਹੋ ਜਿਹੇ ਦੁਨਿਆਵੀ ਰਸਾਂ ਵਿਚ ਮਸਤ, ਕੁਝ ਅਖੌਤੀ ਸਿਆਣੇ, ਆਪਣੀ ਥੋਥੀ ਮੱਤ ਅਨੁਸਾਰ ਐਸੇ ਅਖਾਣ ਭੀ ਘੜ ਲੈਂਦੇ ਹਨ, ਜਿਹਾ ਕਿ —

'ਇਹ ਜਗ ਮਿਠਾ ਅਗਲਾ ਕਿਸ ਡਿੱਠਾ ।'

'ਬਾਬਰ ਬਾ ਐਸ਼ ਕੋਸ ਕਿ ਆਲਮ ਦੁਬਾਰਾ ਨੇਸ੍ਹ ।'

ਪਰ ਜੇ ਫ਼ਰੀਦ ਜੀ ਵਰਗਾ ਅਨੁਭਵੀ ਕਮਾਈ ਵਾਲਾ ਬਖਸ਼ਿਆ ਮਹਾਂਪੁਰਖ ਦਸੇ ਭੀ, ਕਿ ਇਨ੍ਹਾਂ ਦੁਨਿਆਵੀ ਰਸਾਂ ਤੋਂ ਭੀ ਉਤੇ ਇਕ **ਬਹੁਤ ਮਿਠੀ ਸਵਾਦਲੀ ਵਸਤੂ ਹੈ,** ਰੱਬ ਦਾ 'ਨਾਮ' —

"ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥" (ਪੰਨਾ-੧੩੭੯)

**ਤਦ ਭੀ, ਉਹਨਾਂ ਨੂੰ ਵਿਸ਼ਵਾਸ ਨਹੀਂ ਆਉਂਦਾ।**

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬਹੁਤੇ ਲੋਕ ਤਾਂ **'ਕਰਤੇ' ਨੂੰ ਛੱਡ ਕੇ, 'ਕਾਰਨ' ਵਿਚ ਗਲਤਾਨ ਹੋਏ ਪਏ ਹਨ। ਇਸੇ ਨੂੰ ਹੀ ਜੀਵਨ ਦਾ ਅਸਲ**

**ਮਨੋਰਥ ਜਾਂ ਅੰਤਿਮ ਪ੍ਰਾਪਤੀ ਮੰਨੀ ਬੈਠੇ ਹਨ, ਜੋ ਗਲਤ ਹੈ।**

"ਖਸਮੁ ਛੋਡਿ ਦੂਜੈ ਲਗੇ ਡੂਬੇ ਸੇ ਵਣਜਾਰਿਆ ॥" (ਪੰਨਾ-੪੭੦)

"ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥" (ਪੰਨਾ-੪੨੦)

"ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥" (ਪੰਨਾ-੨੩੨)

"ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥"
(ਕਲਿਆਣ ਪਾ: ੧੦)

"ਜਾਗਤ ਜੋਤਿ ਜਪੈ ਨਿਸ ਬਾਸਰੁ ਏਕ ਬਿਨਾ ਮਨ ਨੈਕ ਨ ਆਨੈ ॥"
(੩੩ ਸਵੱਈਏ ਪਾ: ੧੦)

ਦਰ-ਅਸਲ ਅਸੀਂ ਆਪਣੇ ਆਤਮਿਕ ਕੇਂਦਰ **'ਧਰਮ-ਧੁਜਾ' ਅਕਾਲ ਪੁਰਖ ਨੂੰ ਭੁਲ ਕੇ, ਮੋਹ ਮਾਇਆ ਦੇ ਭਰਮ ਭੁਲਾਵੇ ਵਿਚ ਫਸ ਕੇ 'ਧਰਮ' ਵਰਗੀ ਦੈਵੀ ਸਾਧਨਾ ਨੂੰ ਭੀ ਆਪਣੀ 'ਹਉਮੈ' ਦਾ 'ਛੌੜ' ਚਾੜ੍ਹ ਦਿੰਦੇ ਹਾਂ।** ਅਸੀਂ ਹਉਮੈ- ਵੇੜੇ ਮਨ ਦੀ ਰੰਗਤ ਅਨੁਸਾਰ **ਅਪਣਾਏ ਹੋਏ ਬਾਹਰਲੇ ਧਰਮ ਦੇ ਖਿਆਲਾਂ**, ਗਿਆਨ ਅਤੇ ਨਿਸਚਿਆਂ ਨੂੰ ਭੀ ਆਪੋ-ਆਪਣਾ ਰੰਗ ਚਾੜ੍ਹ ਦਿੰਦੇ ਹਾਂ। ਹਰ ਇਕ ਇਨਸਾਨ ਦੇ ਮਨ ਦੀ ਰੰਗਤ ਭਿੰਨ-ਭਿੰਨ ਹੁੰਦੀ ਹੈ। ਇਸੇ ਕਾਰਨ ਹਰ ਕੋਈ ਆਪਣੀ ਸ਼੍ਰੇਣੀ ਦੇ ਬਾਹਰਲੇ ਧਰਮ ਨੂੰ :-

ਅੱਡ ਅੱਡ ਦ੍ਰਿਸ਼ਟੀਕੋਨਾਂ ਨਾਲ
ਭਿੰਨ ਭਿੰਨ ਖ਼ਿਆਲਾਂ ਦੁਆਰਾ
ਵੱਖ-ਵੱਖ ਨਿਸ਼ਚਿਆਂ ਰਾਹੀਂ
ਆਪੋ-ਆਪਣੀ ਬੁੱਧੀ ਅਨੁਸਾਰ
ਅਲਗ ਅਲਗ ਮਨ ਦੀਆਂ ਤਰੰਗਾਂ ਨਾਲ
ਆਪੋ-ਆਪਣੀ ਲੋੜ ਅਨੁਸਾਰ
ਆਪੋ-ਆਪਣੇ ਵਾਤਾਵਰਨ ਅਨੁਸਾਰ
ਆਪੋ-ਆਪਣੀਆਂ ਮਾਇਕੀ ਵਾਸ਼ਨਾਵਾਂ ਅਨੁਸਾਰ

**ਆਪੋ-ਆਪਣੀ ਨਿਜੀ ਰੰਗਤ ਚਾੜ੍ਹ ਕੇ, ਆਪਣੀ ਹੀ ਸਹੂਲੀਅਤ ਅਤੇ ਸੁਆਰਥ ਦੀ ਪੂਰਤੀ ਲਈ, ਤੋੜ-ਮਰੋੜ ਕੇ, ਬਦਲ ਕੇ, ਆਪੋ-ਆਪਣੇ ਅਰਥ ਤੇ ਭਾਵਨਾ ਘੜ ਲੈਂਦਾ ਹੈ।**

ਇਸ ਤਰ੍ਹਾਂ ਹਰ ਇਕ ਇਨਸਾਨ ਨੇ **ਆਪੋ-ਆਪਣਾ ਬਾਹਰਲਾ 'ਧਰਮ'**:—

**ਸਮਝਿਆ**
**ਬੁਝਿਆ**
**ਅਰਥਾਇਆ**
**ਘੜਿਆ ਤੇ**
**ਅਪਨਾਇਆ ਹੋਇਆ ਹੈ।**

**ਇਹੋ ਜਿਹੀ 'ਭਿੰਨਤਾ' ਅਤੇ 'ਵਿਲਖਣਤਾ' ਦੇ ਦਿਖਾਵੇ ਅਤੇ ਪ੍ਰਗਟਾਵੇ ਅੰਦਰ, 'ਧਰਮੀ ਇਨਸਾਨਾਂ' ਦੇ ਵਿਚਕਾਰ**; ਆਪੋ-ਵਿਚ ਵਾਦ-ਵਿਵਾਦ, ਈਰਖਾ, ਦਵੈਤ, ਘਿਰਨਾ, ਵੈਰ, ਵਿਰੋਧ, ਤਅੱਸੁਬ ਜਾਂ ਟਾਕਰਾ ਹੋਣਾ ਲਾਜ਼ਮੀ ਹੈ।

ਏਹੋ ਕਾਰਨ ਹੈ ਕਿ ਅਸੀਂ ਆਪ **'ਭਲੇ-ਭਲੇਰੇ' ਬਣਕੇ, ਇਕ ਦੂਜੇ ਨੂੰ**:—

**ਘਿਰਨਾ ਨਾਲ**
**ਨੀਵੀਂ ਨਿਗਾਹ ਨਾਲ**
**ਨਫ਼ਰਤ ਨਾਲ**
**ਸ਼ੱਕ ਨਾਲ**

**ਦੇਖਦੇ ਹਾਂ ਅਤੇ ਦੂਜਿਆਂ ਉਤੇ ਫ਼ਤਵਾ ਲਾਉਣ ਲਈ 'ਤੱਤ-ਪਰ' ਰਹਿੰਦੇ ਹਾਂ।**

ਪਰ ਜਦ, ਇਹ **'ਮਜ਼ਹਬੀ-ਤਅੱਸੁਬ' 'ਸੰਗਠਿਤ'** (organised) ਹੋ ਕੇ, **ਦੂਜਿਆਂ ਧਰਮਾਂ ਨਾਲ ਟੱਕਰ ਲੈਂਦਾ ਹੈ, ਤਾਂ ਖ਼ਲਕਤ ਦਾ 'ਰੱਬ ਹੀ ਰਾਖਾ'**! ਹੈਰਾਨੀ ਦੀ ਗੱਲ ਇਹ ਹੈ, ਕਿ ਇਹ **'ਮਜ਼ਹਬੀ-ਤਅੱਸੁਬ' ਦੀ 'ਅੱਗ' ਯਾ ਜ਼ਹਿਰ ਧਰਮ ਦੀ ਆੜ ਵਿਚ, ਯਾ ਧਰਮ ਦੇ ਨਾਂ ਤੇ ਫੈਲਾਈ ਜਾਂਦੀ ਹੈ ਜਿਸ ਦਾ ਭਿਆਨਕ ਨਤੀਜਾ** ਦੋਹਾਂ ਅਖੌਤੀ ਧਾਰਮਿਕ ਸ਼੍ਰੇਣੀਆਂ **ਨੂੰ ਭੁਗਤਣਾ ਪੈਂਦਾ ਹੈ।**

ਇਸ ਹਾਸੋ-ਹੀਣੇ **ਧਾਰਮਿਕ ਅੰਧ ਵਿਸ਼ਵਾਸ ਦੇ ਜੋਸ਼ ਵਿਚ**

(1) ਰੱਬ
(2) ਰੱਬੀ ਹੁਕਮੁ
(3) 'ਨਾਮੁ'
(4) ਦੈਵੀ ਅੰਤਰਮੁਖੀ ਧਰਮ
(5) ਬਾਹਰਮੁਖੀ ਧਰਮ
(6) ਗੁਰੂਆਂ ਅਤੇ ਮਹਾਂਪੁਰਸ਼ਾਂ ਦੇ ਉਪਦੇਸ਼ਾਂ
(7) ਦੈਵੀ ਗੁਣਾਂ
(8) 'ਇਨਸਾਨੀਅਤ'

**ਨੂੰ ਭੁਲਾ ਕੇ, ਛਿੱਕੇ ਤੇ ਟੰਗ ਕੇ, ਤਲਾਂਜਲੀ ਦੇ ਦਿੰਦੇ ਹਾਂ ਅਤੇ 'ਬਿਗੜ-ਰੂਪ' ਜਾਂ**

**'ਧਾਣਕ ਰੂਪ' ਧਾਰ ਕੇ**, ਆਪਣੇ ਉਤੇ ਅਤੇ ਰੱਬੀ ਖ਼ਲਕਤ ਉਤੇ ਅਜਾਈਂ ਜ਼ੁਲਮ ਦਾ ਕਾਰਨ ਬਣਦੇ ਹਾਂ।

ਇਸ ਤਰ੍ਹਾਂ 'ਮਜ਼ਹਬੀ ਤਅੱਸੁਬ' ਵਾਲਿਆਂ ਅਖੌਤੀ ਧਰਮੀਆਂ ਨੂੰ, **ਕਿਥੇ ਢੋਈ ਮਿਲ ਸਕਦੀ ਹੈ?**

ਗੁਰੂਆਂ, ਮਹਾਂਪੁਰਖਾਂ ਦੇ ਉਪਦੇਸ਼ਾਂ ਅਤੇ ਬਾਣੀਆਂ ਵਿਚ, **ਅੰਤ੍-ਮੁਖੀ ਇਕੋ-ਇਕ ਆਤਮਿਕ ਧਰਮੁ ਦੀ ਬਾਬਤ ਬੇਅੰਤ ਰੋਸ਼ਨੀ ਪਾਈ ਗਈ ਹੈ**, ਪਰ ਇਨਸਾਨ ਇਹਨਾਂ ਡੂੰਘੀਆਂ ਦੈਵੀ ਭਾਵਨਾਵਾਂ ਤੋਂ ਆਪਣੀ ਅਗਿਆਨਤਾ ਕਾਰਨ **ਅਣਜਾਣ ਹੈ।** ਇਨਸਾਨ ਨੂੰ ਗੁਰੂਆਂ ਤੇ ਭਗਤਾਂ ਨੇ ਬਾਹਰਲੇ ਧਰਮ, ਏਸੇ ਕਰਕੇ ਬਖਸ਼ੇ ਸਨ—ਤਾਂ ਕਿ ਉਹ **ਅੰਤ੍-ਮੁਖੀ ਹੋ ਕੇ ਆਪਣੇ 'ਨਾਲ ਲਿਖੇ' ਇਲਾਹੀ ਧਰਮੁ ਨੂੰ ਸਮਝ ਬੁਝ ਕੇ, ਆਪਣਾ ਜੀਵਨ ਪੰਧ ਮੁਕਾ ਸਕੇ।** ਪਰ, ਸਾਡੀ **ਮਾਇਕੀ 'ਹਉਮੈ' ਇਤਨੀ ਤੀਖਣ ਤੇ ਮਲੀਨ ਹੋ ਗਈ ਹੈ, ਕਿ ਅਸੀਂ ਇਹਨਾਂ ਬਾਹਰਲੇ ਧਰਮਾਂ ਨੂੰ**

ਸਮਝਣ ਅਤੇ

ਕਮਾਉਣ ਦੀ **ਬਜਾਇ**

ਇਹਨਾਂ ਨੂੰ ਆਪਣੇ **ਨਿਜੀ ਸੁਆਰਥਾਂ ਦੀ ਪੂਰਤੀ ਲਈ, ਸਹੂਲੀਅਤ ਵਜੋਂ ਵਰਤਨ ਦਾ ਇਕ ਜ਼ਰੀਆ ਬਣਾ ਛਡਿਆ ਹੈ।**

ਗੁਰੂਆਂ,ਅਵਤਾਰਾਂ, ਭਗਤਾਂ ਨੇ ਤਾਂ ਸਾਨੂੰ ਆਪਣਿਆਂ ਉਪਦੇਸ਼ਾਂ ਅਤੇ ਬਾਣੀਆਂ ਰਾਹੀਂ, ਸਹੀ ਆਤਮਿਕ ਜੀਵਨ-ਸੇਧ ਦਿੱਤੀ ਹੈ — ਪਰ, ਉਹਨਾਂ ਦੇ ਪੈਰੋਕਾਰਾਂ ਨੇ ਸਮਾਂ ਪਾ ਕੇ, ਕਈਆਂ ਪੀੜ੍ਹੀਆਂ ਦੇ ਅਰਸੇ ਵਿਚ, **ਆਪੋ-ਆਪਣੇ ਸ਼ਖਸੀ ਨਿਸਚਿਆਂ, ਨਿਜੀ ਤਜਰਬਿਆਂ ਅਤੇ ਮਜਬੂਰੀਆਂ ਕਾਰਨ, ਇਹਨਾਂ ਉਪਦੇਸ਼ਾਂ ਉਤੇ ਆਪੋ-ਆਪਣੀ ਮਾਨਸਿਕ ਸੂਖਮ 'ਰੰਗਤ' ਦਾ 'ਠੱਪਾ' ਲਾ ਦਿਤਾ ਹੈ।**

ਇਸ ਤਰ੍ਹਾਂ ਇਕ ਧਰਮ ਦੇ **ਕਈ ਫ਼ਿਰਕੇ ਬਣਦੇ ਗਏ ਅਤੇ ਇਹਨਾਂ ਫ਼ਿਰਕਿਆਂ ਦੇ ਵਿਚਕਾਰ ਨਿਕੇ-ਨਿਕੇ ਵਿਤਕਰੇ, ਵਖਰਾਪਨ, ਵਿਰੋਧਤਾ ਵਧਦੀ ਗਈ** — ਜਿਸ ਦੀ ਵਜਹ ਨਾਲ ਇਹਨਾਂ ਦਾ ਆਪਸ ਵਿਚ ਭੀ ਵਾਦ-ਵਿਵਾਦ, ਵੈਰ-ਵਿਰੋਧ, ਈਰਖਾ, ਦਵੈਤ, ਘਿਰਨਾ, ਤਅੱਸੁਬ ਟਾਕਰਾ, ਝਗੜੇ, ਲੜਾਈਆਂ, **ਵਧਦੀਆਂ ਗਈਆਂ।**

ਜਦ ਸਾਡੇ **'ਇਕੇ' ਧਰਮ ਦੇ ਫ਼ਿਰਕਿਆਂ ਵਿਚਕਾਰ, ਇਹ** ਹਾਸੋਹੀਣਾ **ਅਤੇ ਅਫ਼ਸੋਸਨਾਕ ਤਅੱਸੁਬ ਦਾ ਵਤੀਰਾ ਹੈ - ਤਾਂ ਦੂਜੇ ਧਰਮਾਂ-ਨਾਲ ਜੋ ਮਜ਼ਹਬੀ-ਤਅੱਸੁਬ ਦਾ ਵਤੀਰਾ ਹੁੰਦਾ ਹੈ, ਉਹ ਪ੍ਰਤੱਖ ਰੂਪ ਵਿਚ ਜ਼ਾਹਿਰ ਹੋ ਰਿਹਾ ਹੈ।**

ਇਸ ਤਰ੍ਹਾਂ **'ਆਤਮਿਕ ਧਰਮੁ'** ਦਾ 'ਧੁਰਾ', 'ਮੂਲ' ਜਾਂ 'ਤੱਤ ਸਾਡੇ ਖਿਆਲਾਂ', ਨਿਸਚਿਆਂ, ਵਿਚੋਂ **ਓਹਲੇ ਹੁੰਦਾ ਗਿਆ** ਅਤੇ **ਟਾਹਣੀਆਂ, ਪਤਿਆਂ ਨੂੰ 'ਜੱਫਾ' ਮਾਰ ਕੇ ਅਸੀਂ ਆਪਸ ਵਿਚ ਅਜਾਈਂ ਖਹਿੰਦੇ ਰਹਿੰਦੇ ਹਾਂ।**

ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ ।....
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ ।

(ਵਾ:ਭਾ:ਗੁ: ੧/੨੧)

'ਧਰਮ' ਯਾ 'ਮਜ਼ਹਬ' ਇਨਸਾਨ ਨੂੰ –

ਨੀਵੀਆਂ ਮਾਇਕੀ ਰੁਚੀਆਂ
ਪਸ਼ੂ ਬਿਰਤੀਆਂ
ਈਰਖਾ-ਦਵੈਤ
ਵੈਰ-ਵਿਰੋਧ
ਸ਼ੱਕ-ਸਾੜੇ
ਵਿਕਾਰਾਂ ਪਾਪਾਂ
ਮਾਇਕੀ ਭਰਮ ਦੇ ਹਨੇਰੇ
ਵਹਿਮਾਂ, ਭਰਮ, ਭੁਲੇਖਿਆਂ
ਮੈਂ-ਮੇਰੀ ਦੀ ਲਾਲਸਾ
ਮੋਹ ਦੀ ਦਲਦਲ
ਤ੍ਰਿਸ਼ਨਾ ਦੀ ਅੱਗ
ਕਾਮ-ਕ੍ਰੋਧ ਦੇ ਭਾਂਬੜਾਂ
ਹਉਮੈ ਦੇ ਕੰਡਿਆਂ
ਚਿੰਤਾ ਚਿਖਾ
ਦੁਖ ਕਲੇਸ਼ਾਂ

ਦੀ ਬਾਬਤ **ਤਾੜਨਾ ਕਰਨ** ਅਤੇ **'ਹੋੜਨ' ਲਈ 'ਰਚੇ' ਗਏ ਸਨ।**

ਜੇਕਰ ਸਾਡੇ ਹਿਰਦੇ ਅੰਦਰ ਉਪਰ ਦਸੇ ਮਾਇਕੀ **'ਅਉਗਣ' ਪ੍ਰਵੇਸ਼ ਤੇ ਪਰਵਿਰਤ** ਹੋ ਰਹੇ ਹਨ, ਤਾਂ ਇਹ **ਪੱਕਾ ਸਬੂਤ ਹੈ** ਕਿ **ਅਸੀਂ ਸਹੀ ਅਰਥਾਂ ਵਿਚ ਕੋਈ 'ਧਰਮ' ਨਹੀਂ ਧਾਰਿਆ।** ਜੇ ਕੋਈ ਅਖੌਤੀ 'ਧਰਮ' **ਧਾਰਿਆ** ਭੀ ਜਾਂਦਾ ਹੈ ਤਾਂ, ਉਹ –

ਓਪਰਾ ਜਿਹਾ
ਰੀਸੋ-ਰੀਸੀ ਦਿਖਾਵੇ ਮਾਤਰ
ਵਡਿਆਈ ਲਈ
ਭਲੇ-ਭਲੇਰੇ ਬਣਨ ਲਈ
ਮਾਨਸਿਕ ਤਸੱਲੀ ਲਈ
ਸੁਆਰਥ ਦੀ ਪੂਰਤੀ ਲਈ
ਦੁਖਾਂ ਕਲੇਸ਼ਾਂ ਨੂੰ ਟਾਲਣ ਲਈ

ਪਾਪਾਂ ਨੂੰ ਢੱਕਣ ਲਈ
ਜਮਾਂ ਦੀ ਸਜ਼ਾਂ ਤੋਂ ਬਚਣ ਲਈ
ਨਰਕ ਤੋਂ ਬਚਣ ਲਈ
ਸਵਰਗ ਵਿਚ ਪਹੁੰਚਣ ਲਈ

**ਦਿਮਾਗੀ ਤੌਰ ਤੇ ਅਪਣਾਇਆ** ਜਾਂਦਾ ਹੈ, ਜਿਸ ਵਿਚ ਆਤਮਿਕ **ਸ਼ਰਧਾ-ਭਾਵਨੀ ਦੀ ਲੇਸ ਭੀ ਨਹੀਂ ਹੁੰਦੀ।**

ਇਸ ਸ਼ਰਧਾ-ਭਾਵਨੀ ਦੀ ਅਹਿਮੀਅਤ ਨੂੰ ਹੇਠ ਲਿਖੀ ਮਿਸਾਲ ਹੋਰ ਵੀ ਸਪੱਸ਼ਟ ਕਰ ਦਿੰਦੀ ਹੈ —

ਜੇਕਰ ਕਿਸੇ 'ਮਸ਼ੀਨ' ਨੂੰ **'ਤੇਲ'** (lubrication) ਜਾਂ ਗਰੀਸ **ਨਾ ਦਿੱਤੀ ਜਾਵੇ**, ਤਾਂ ਉਹ ਮਸ਼ੀਨ ਕੁਝ ਚਿਰ ਚਲ ਕੇ **'ਗਰਮ' ਹੋ ਜਾਂਦੀ ਹੈ** ਅਤੇ ਆਖਿਰ ਇੰਜਨ **ਸੜ ਕੇ ਨਿਕੰਮਾ ਹੋ ਜਾਂਦਾ ਹੈ।** ਦੂਸਰੇ ਲਫ਼ਜ਼ਾਂ ਵਿਚ **'ਤੇਲ'** ਜਾਂ **'ਗਰੀਸ' ਹੀ** ਇੰਜਨ ਨੂੰ ਗਰਮ ਹੋਣ ਅਤੇ ਸੜਨ ਤੋਂ **ਬਚਾਉਂਦੀ ਹੈ।**

ਏਸੇ ਤਰ੍ਹਾਂ ਧਾਰਮਿਕ **'ਕਰਮ-ਕਿਰਿਆ'** ਲਈ ਭੀ ਆਤਮਿਕ **ਸ਼ਰਧਾ ਭਾਵਨੀ ਅਤੇ ਪ੍ਰੇਮ-ਸਵੇਪਨਾ ਦੀ** ਚਿਕਨਾਹਟ(lubrication) **ਅਤਿ ਜ਼ਰੂਰੀ ਹੈ।**

ਇਸ **'ਪ੍ਰੇਮ-ਭਾਵਨਾ' ਦੇ ਤੇਲ 'ਬਗੈਰ'** ਦਿਮਾਗੀ ਸਤਾਹ ਤੇ **'ਹਉਮੈ' ਵਿਚ ਕੀਤੇ ਗਏ ਧਾਰਮਿਕ** ਕਰਮ, ਧਰਮ, ਉਪਾਸ਼ਨਾ, ਪਾਠ, ਪੂਜਾ, ਭਗਤੀ, ਹੱਠ, ਜਪ, ਤਪ, ਸੇਵਾ, ਨੇਕੀਆਂ, ਪਰਉਪਕਾਰ, ਪੁੰਨ, ਦਾਨ,

ਆਦਿ, ਸਭ —

ਰੁਖੇ
ਸੁਖੇ
ਫੋਕੇ
ਬੇ-ਰਸੇ
ਦਿਮਾਗੀ-ਸ਼ੁਗਲ
ਸੌਦਾ-ਬਾਜ਼ੀ
ਦਿਖਾਵੇ ਲਈ
ਗੀਸੋ-ਗੀਸੀ

**'ਹਉਮੈ' ਨੂੰ 'ਪੱਠੇ' ਪਾਉਣ ਲਈ ਹੀ ਕੀਤੇ ਜਾਂਦੇ ਹਨ।**

"ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ॥"

(ਪੰਨਾ-੧੦੪੩)

ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ (ਸਵੱਯੇ ਪਾ: ੧੦)

"ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥
ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ॥
ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ॥"
(ਪੰਨਾ-੨੭੮)

"ਬਾਹਰਿ ਗਿਆਨ ਧਿਆਨ ਇਸਨਾਨ ॥
ਅੰਤਰਿ ਬਿਆਪੈ ਲੋਭੁ ਸੁਆਨੁ ॥" (ਪੰਨਾ-੨੬੭)

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥
ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥" (ਪੰਨਾ-੨੫੨)

ਏਸੇ ਕਾਰਨ 'ਧਾਰਮਿਕ ਅਸਥਾਨਾਂ' ਅਤੇ 'ਸੰਸਥਾਵਾਂ' (Religious institutions) ਵਿਚ ਵੀ **ਸ਼ਰਧਾ-ਭਾਵਨੀ ਅਤੇ ਪ੍ਰੇਮ-ਸਵੈਪਨਾ ਤੋਂ ਬਗੈਰ-ਛੇਤੀ ਹੀ** ਮੈਂ-ਮੇਰੀ, ਖ਼ੁਦਗਰਜ਼ੀ, ਖਿਚੋ-ਤਾਣ, ਪਾਰਟੀ ਬਾਜ਼ੀ, ਈਰਖਾ, ਦਵੈਤ, ਵੈਰ, ਵਿਰੋਧ, ਲੋਭ, ਕ੍ਰੋਧ, ਭ੍ਰਿਸ਼ਟਾਚਾਰ, ਝਗੜੇ, ਲੜਾਈਆਂ, ਖ਼ੂਨ-ਖਰਾਬਾ, **ਹਉਮੈ ਦਾ ਬੋਲ ਬਾਲਾ ਅਤੇ ਵਰਤ-ਵਰਤਾਰਾ ਹੋ ਜਾਂਦਾ ਹੈ।**

**ਦੈਵੀ ਧਰਮ ਤਾਂ ਇਨਸਾਨ ਨੂੰ** –

ਸਦਾਚਾਰ ਸਿਖਾਉਣ
ਮੈਤ੍ਰੀ ਭਾਵ ਵਧਾਉਣ
ਇੱਕ ਦੂਜੇ ਦਾ ਸਹਾਇਕ ਬਣਨ
ਇਕ ਦੂਜੇ ਨਾਲ ਪਿਆਰ ਕਰਨ
ਮਿਲਵਰਤਨ ਦੀ ਜਾਚ ਦੱਸਣ
ਸੇਵਾ ਕੁਰਬਾਨੀ ਦੀ ਸਿਖਿਆ ਦੇਣ
ਸੁਖ ਸ਼ਾਂਤੀ ਵਰਤਾਉਣ
ਸਹੀ ਮਾਨਸਿਕ-ਜੀਵਨ ਸੇਧ ਦੇਣ
ਸਹੀ ਆਤਮਿਕ-ਜੀਵਨ ਸੋਝੀ ਦੇਣ
ਆਤਮਿਕ ਗਿਆਨ ਦੀ ਸੋਝੀ ਦੇਣ
ਸਾਧ-ਸੰਗਤ ਤੋਂ ਲਾਹਾ ਲੈਣ
ਸਿਮਰਨ ਦੀ ਜੁਗਤੀ ਦੱਸਣ
ਭਗਤੀ ਕਮਾਉਣ
ਜੀਵਨ ਸਫ਼ਲਾ ਕਰਨ

ਆਤਮ-ਪ੍ਰਕਾਸ਼
ਆਤਮਿਕ ਕਲਿਆਣ
ਮੁਕਤੀ ਪਾਉਣ

**ਲਈ 'ਸਾਜੇ' ਅਤੇ ਬਖਸ਼ੇ ਗਏ ਸਨ।**

ਜੇਕਰ ਸਾਡੇ ਜੀਵਨ ਵਿਚ **ਉਪਰਲੇ ਦੈਵੀ ਗੁਣਾਂ ਦਾ ਪ੍ਰਵੇਸ਼ ਅਤੇ ਪ੍ਰਗਟਾਵਾ ਨਹੀਂ ਦਿਸਦਾ**, ਤਾਂ ਸਮਝ ਲਓ ਅਸੀਂ ਆਪਣੇ ਹਿਰਦੇ ਵਿਚ **ਕੋਈ ਧਰਮ ਹੀ ਨਹੀਂ ਧਾਰਿਆ ਅਤੇ** ਅਜੇ ਅਸੀਂ **'ਇਨਸਾਨੀਅਤ' ਤੋਂ ਭੀ ਹੇਠਾਂ ਹਾਂ।**

ਦੂਜੇ ਲਫ਼ਜ਼ਾਂ ਵਿਚ —

ਮਨ ਦੀ ਰੰਗਤ
ਖ਼ਿਆਲਾਂ ਦਾ ਝੁਕਾਉ
ਵਲਵਲਿਆਂ ਦੀ ਭਾਵਨਾ
ਬੋਲੀ ਦੀ ਅਵਾਜ਼
ਅਵਾਜ਼ ਦੀਆਂ ਲਹਿਰਾਂ
ਲਹਿਰਾਂ ਦੇ ਜੋਸ਼
ਚੇਹਰੇ ਦੀ ਤਿਊੜੀ
ਅੱਖਾਂ ਦੀ ਚਮਕ
ਸਰੀਰ ਦੀ ਅਦਾ
ਵਰਤ-ਵਰਤਾਰਾ
ਲੇਵਾ-ਦੇਵੀ
ਕਰਮਾਂ ਦੀ ਰੰਗਤ
ਨਿਸਚਾ
ਸੁਆਰਥ ਦੀ ਰੰਗਤ
ਕਾਮ-ਕ੍ਰੋਧ ਦੀਆਂ ਲਹਿਰਾਂ
ਲੋਭ-ਮੋਹ ਦੀ ਭਾਵਨਾ
ਨਿਮ੍ਰਤਾ ਯਾ ਹੰਗਤਾ

**ਰਾਹੀਂ, ਜੀਵਨ ਦੇ ਹਰ ਪੱਖ ਵਿਚ, ਖਿਨ-ਖਿਨ, ਸਹਜ-ਸੁਭਾਇ, ਅਣਜਾਣੇ ਹੀ, ਸਾਡੇ 'ਅਮਲੀ' ਨਿਜੀ 'ਧਰਮ' ਦਾ ਲਿਸ਼ਕਾਰਾ ਪੈਂਦਾ ਰਹਿੰਦਾ ਹੈ! ਉਪਰੋਂ** ਭਾਵੇਂ ਅਸੀਂ ਕਿਤਨੇ ਹੀ **'ਭਲੇ-ਭਲੇਰੇ'**, ਪਰਉਪਕਾਰੀ, ਬੁਧੀਵਾਨ, 'ਨੇਕ', 'ਗਿਆਨੀ', 'ਪੰਡਿਤ', 'ਆਚਾਰੀਆ', 'ਮਹਾਪੁਰਖ', **ਬਣੇ ਫਿਰੀਏ** ਅਤੇ ਆਪਣੀ **ਅੰਦਰਲੀ 'ਨਿਜੀ' ਧਾਰਮਿਕ ਅਵਸਥਾ ਨੂੰ ਢੱਕਣ ਅਤੇ ਛੁਪਾਉਣ ਦੀ ਕੋਸ਼ਿਸ਼ ਕਰੀਏ।**

ਲੋਕਾਂ ਨੂੰ ਧੋਖਾ ਦੇਣ ਲਈ, ਕੋਈ ਆਪਣੀ **ਅੰਦਰਲੀ ਕਾਲਖ ਨੂੰ ਛੁਪਾਉਣ ਲਈ, ਲੱਖ ਯਤਨ ਕਰੇ**, ਪਰ ਕਾਲਖ ਨੇ ਤਾਂ 'ਕਾਲਖ' ਹੀ ਰਹਿਣਾ ਹੈ, ਉਸ ਨੂੰ **ਨਿਰਮਲਤਾ ਦਾ ਦਰਜਾ ਨਹੀਂ ਦਿਤਾ ਜਾ ਸਕਦਾ।** ਕੋਈ ਗੁਨਾਹਗਾਰ, ਦਰਵੇਸ਼ਾਂ ਦੇ ਕਪੜੇ ਪਾ ਕੇ, ਭੇਖ ਧਾਰ ਕੇ, **'ਦਰਵੇਸ਼' ਨਹੀਂ ਬਣ ਜਾਂਦਾ।** ਇਸ ਨੁਕਸ ਬਾਰੇ ਗੁਰਬਾਣੀ ਇਉਂ ਤਾੜਨਾ ਕਰਦੀ ਹੈ –

"ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍ ॥
ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨਿ੍ ॥ (ਪੰਨਾ-੭੨੯)

"ਗਲੀ ਜਿਨਾਂ ਜਪਮਾਲੀਆਂ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥" (ਪੰਨਾ-੪੭੬)

"ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥ (ਵਾਰ ਆਸਾ ਮ: ੧)

ਕਈ ਭਲੇ-ਭਲੇਰਿਆਂ ਨੇ ਤਾਂ –

**ਧਰਮ ਨੂੰ** –

ਗਿਆਨ ਪੜ੍ਹਨ
ਗਿਆਨ ਖੋਜਣ
ਵਾਕਫ਼ੀਅਤ ਵਧਾਉਣ
ਗਿਆਨ ਘੋਟਣ
ਦਿਮਾਗੀ ਸਿੰਗ ਅੜਾਉਣ
ਦੂਜਿਆਂ ਨੂੰ ਬਹਿਸ ਵਿਚ ਹਰਾਉਣ

**ਦਾ ਵਿਸ਼ਾ ਹੀ ਸਮਝਿਆ ਹੋਇਆ ਹੈ।**

ਇਸ ਤਰ੍ਹਾਂ **ਧਾਰਮਿਕ ਅਗਿਆਨਤਾ ਦੀ ਵਜਹ ਨਾਲ** 'ਹਉਮੈ' ਨੂੰ **'ਘਟਾਉਣ' ਦੀ ਬਜਾਇ, ਹਉਮੈ ਨੂੰ ਹੋਰ 'ਪੱਠੇ' ਪਾਈ ਜਾਂਦੇ ਹਾਂ ਅਤੇ ਇਲਾਹੀ 'ਧਰਮੁ' ਦੇ ਉਦੇਸ਼ ਤੋਂ ਦੁਰੇਡੇ ਜਾ ਰਹੇ ਹਾਂ।**

ਦੂਜੇ ਪਾਸੇ, ਰੱਬ ਦਾ ਪਿਆਰਾ **ਜਗਿਆਸੂ, ਆਪਣੇ ਗੁਰੂ-ਪਰਮੇਸ਼ਰ ਦੇ ਪਿਆਰ ਵਿਚ, ਬੈ-ਖਰੀਦ ਗੋਲਾ ਬਣ ਕੇ, 'ਆਪ-ਗਵਾਇ ਸੇਵਾ ਕਰੇ' ਵਾਲੇ ਉਪਦੇਸ਼ ਨੂੰ ਕਮਾਉਂਦਾ ਹੈ** ਅਤੇ ਉਹ ਜੋ ਭੀ ਕਰਮ-ਧਰਮ ਕਰਦਾ ਹੈ, ਸਾਰੇ ਹੀ –

ਪਿਆਰ ਭਾਵਨਾ
ਪ੍ਰੇਮ ਸਵੈਪਨਾ
ਸੇਵਾ-ਭਾਵਨੀ
ਦੈਵੀ ਵਲਵਲਿਆਂ
ਪ੍ਰੀਤ ਚਾਉ

ਇਲਾਹੀ ਰਸ
ਆਤਮਿਕ ਰਸ
'ਨਾਮ-ਰੰਗ'

**ਵਿਚ 'ਰੰਗੀਜ' ਕੇ** ਆਤਮਿਕ **'ਪ੍ਰਿਮ-ਖੇਲ' ਖੇਲਦਾ ਹੈ** ਅਤੇ ਇਸ ਤਰ੍ਹਾਂ, ਉਹ ਆਪਣਾ ਨਿਜੀ, **ਨਾਲ ਲਿਖਿਆ ਹੋਇਆ 'ਆਤਮਿਕ-ਧਰਮੁ' ਕਮਾਉਂਦਾ ਹੈ।**

ਇਸ ਤਰ੍ਹਾਂ, ਜਗਿਆਸੂ

ਆਤਮਿਕ **ਪ੍ਰੇਮ-ਰਸ ਵਿਚ ਰੰਗਿਆ ਹੋਇਆ**
ਉਚੀਆਂ **ਪ੍ਰੇਮ ਸਵੈਪਨਾ ਦੀਆਂ ਉਡਾਰੀਆਂ ਲਾਉਂਦਾ ਹੋਇਆ**
**'ਨਾਮ' ਦੇ ਪ੍ਰਕਾਸ਼ ਵਿਚ**
**ਸ਼ਬਦ ਦੀ 'ਜੀਵਨ ਰੌਂ' ਵਿਚ**
**ਹੁਕਮ ਤੇ ਭਾਣੇ ਵਿਚ,**

**ਜੋ ਭੀ ਸੋਚਦਾ ਯਾ ਕਰਮ-ਕਿਰਿਆ ਕਰਦਾ ਹੈ, ਉਹ ਸਭ ਕੁਝ ਗੁਰੂ-ਪ੍ਰਵਾਣਿਤ, ਕਬੂਲ ਜਾਂ 'ਥਾਇ' ਪੈਂਦਾ ਹੈ ਅਤੇ ਉਹੀ ਉਸ ਦੀ –**

ਨੇਕੀ ਹੈ
ਪਰਉਪਕਾਰ ਹੈ
ਸੇਵਾ ਹੈ
ਸਿਮਰਨ ਹੈ
ਭਗਤੀ ਹੈ
ਘਾਲਣਾ ਹੈ

ਮੁਕਤੀ ਹੈ
ਜੁਗਤੀ ਹੈ
ਕਲਿਆਣ ਹੈ
ਜੀਵਨ ਹੈ
**'ਧਰਮੁ' ਹੈ।**

ਨਾਨਕ ਜਿ ਗੁਰਮੁਖਿ ਕਰਹਿ ਸੋ ਪਰਵਾਣੁ ਹੈ ਜੋ ਨਾਮਿ ਰਹੇ ਲਿਵ ਲਾਇ॥
(ਪੰਨਾ-੬੫੦)

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥ (ਪੰਨਾ-੬੪੪)

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥
ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ ॥ (ਪੰਨਾ-੪੫੦)

'ਸੂਰਜ' ਦੀਆਂ 'ਕਿਰਨਾਂ' ਵਿਚ ਸੂਰਜ ਦੇ ਸਾਰੇ ਗੁਣ ਭਰਪੂਰ ਹਨ, ਜਿਹਾ ਕਿ ਪ੍ਰਕਾਸ਼, ਗਰਮੀ, ਸ਼ਕਤੀ, ਜੀਵਨ-ਰੌ ਆਦਿ।

ਸੂਰਜ, ਇਲਾਹੀ 'ਹੁਕਮ' ਵਿਚ, ਇਹਨਾਂ ਕਿਰਨਾਂ ਦੇ ਜ਼ਰੀਏ, ਆਪਣਿਆਂ ਗੁਣਾਂ ਨੂੰ ਪ੍ਰਕਾਸ਼ਿਤ ਤੇ ਪ੍ਰਵਿਰਤ ਕਰਦਾ ਹੈ।

ਏਸ ਤਰ੍ਹਾਂ, 'ਕਿਰਨਾਂ', ਆਪਣੇ ਸੋਮੇ 'ਸੂਰਜ' ਦੇ ਸਾਰੇ ਗੁਣਾਂ ਨੂੰ ਇਲਾਹੀ 'ਹੁਕਮ' ਵਿਚ, ਸਹਜ ਸੁਭਾਇ, ਸੁਤੇ-ਸਿਧ, ਸਾਰੇ ਵੰਡਦੀਆਂ ਹਨ।

ਇਸ ਇਲਾਹੀ **'ਹੁਕਮ ਦੀ ਕਾਰ' ਵਿਚ 'ਕਿਰਨਾਂ'** ਦੀ ਕੋਈ ਸਿਆਣਪ ਜਾਂ ਵਿਉਂਤ ਨਹੀਂ ਹੈ। ਇਹਨਾਂ ਦੀ ਇਹ **'ਹੁਕਮੀ-ਕਾਰ'** ਹੀ ਇਹਨਾਂ ਕਿਰਨਾਂ ਦੇ ਅੰਤਰ-ਆਤਮੇ **ਨਾਲ ਲਿਖਿਆ ਹੋਇਆ 'ਆਤਮਿਕ ਧਰਮੁ' ਹੈ।**

**'ਕਿਰਨਾਂ'** ਨੇ ਆਪਣਾ 'ਆਤਮਿਕ ਧਰਮ', ਕਿਤੋਂ ਬਾਹਰੋਂ –

ਪੜ੍ਹਿਆ-ਪੜ੍ਹਾਇਆ
ਸਿਖਿਆ ਸਿਖਾਇਆ
ਸਮਝਿਆ ਸਮਝਾਇਆ
ਜਾਣਿਆ
ਨਕਲ ਕੀਤਾ
ਘੜਿਆ
ਵਿਉਂਤਿਆ

**ਨਹੀਂ ਹੈ।** ਬਲਕਿ ਇਹ ਤਾ **ਕਿਰਨਾਂ ਦੀ 'ਹੋਂਦ' ਦੇ ਨਾਲ ਹੀ** –

ਗੁਪਤੀ ਤੌਰ ਤੇ ਪ੍ਰਵੇਸ਼ ਹੈ
ਛੁਪਿਆ ਹੋਇਆ ਹੈ
**'ਨਾਲ ਲਿਖਿਆ'** ਹੋਇਆ ਹੈ
**ਹੁਕਮ ਰਜ਼ਾਈ ਚਲਣਾ ਹੈ**
**ਹੁਕਮ ਦੀ ਕਾਰ ਹੈ**

**ਜੋ** –

ਅਣਜਾਣੇ (unconsciously)
ਸੁਤੇ ਸਿਧ (automatically)
ਆਪ ਮੁਹਾਰੇ (spontaneously)

**ਹੋ ਰਹੀ ਹੈ।**

ਐਨ ਏਸੇ ਤਰ੍ਹਾਂ – **'ਜੀਵ' ਦੇ 'ਅੰਤਰ-ਆਤਮੇ-ਇਲਾਹੀ' 'ਜੋਤ' ਦੀ 'ਕਿਰਨ'** ਹੈ, ਜਿਸ ਦੇ ਨਾਲ ਹੀ, **'ਜੀਵ' ਦਾ ਨਿਜੀ ਗੁਪਤ, 'ਆਤਮਿਕ ਧਰਮੁ' ਭੀ ਲਿਖਿਆ ਹੋਇਆ ਹੈ।**

ਹੁਕਮਿ ਰਜਾਈ ਚਲਣਾ ਨਾਨਕਾ ਲਿਖਿਆ ਨਾਲਿ ॥ (ਪੰਨਾ-੧)

**ਬੇ-ਖਰੀਦ-'ਹੁਕਮੀ ਬੰਦੇ' ਬਣ ਕੇ, ਇਲਾਹੀ 'ਹੁਕਮ' ਦੇ ਭਾਣੇ ਵਿਚ ਚਲਣਾ ਹੀ, ਇਨਸਾਨ ਦਾ ਇਕੋ-ਇਕ, ਗੁਪਤੀ, ਨਾਲ ਲਿਖਿਆ, ਅੱਟਲ, ਅਭੁਲ, ਸਦੀਵੀ, ਸਰਬੱਗ ਤੇ ਵਿਸ਼ਵ 'ਆਤਮਿਕ ਧਰਮੁ' ਹੈ।**

'ਜੀਵ' ਦਾ ਇਹ **'ਆਤਮਿਕ ਧਰਮੁ'** ਬਾਹਰੋਂ, ਪੜ੍ਹਿਆ-ਪੜ੍ਹਾਇਆ, ਸਿਖਿਆ-ਸਿਖਾਇਆ, ਸਮਝਿਆ-ਸਮਝਾਇਆ, ਵਿਉਂਤਿਆ, ਘੜਿਆ, ਠੋਸਿਆ ਜਾਂ ਬਦਲਿਆ **ਨਹੀਂ ਜਾ ਸਕਦਾ ਬਲਕਿ** ਅਣਜਾਣੇ, ਸਹਜ-ਸੁਭਾਇ, ਸੁਤੇ-ਸਿਧ, ਆਪ-ਮੁਹਾਰੇ, **ਮੰਨਿਆ ਤੇ ਕਮਾਇਆ ਜਾਂਦਾ ਹੈ।**

ਪਰ, ਮਨੁਖ ਆਪਣੇ ਕਰਮਾਂ ਕਰਕੇ, **ਹਉਮੈ ਦੇ ਭਰਮ-ਭੁਲਾਵੇ ਦੀ ਅਗਿਆਨਤਾ ਵਿਚ, ਆਪਣੇ 'ਨਾਲ ਲਿਖੇ' 'ਇਲਾਹੀ ਧਰਮੁ' ਨੂੰ ਭੁੱਲ ਕੇ, 'ਬੇਮੁਖ'** ਹੋ ਗਿਆ ਹੈ **ਅਤੇ ਆਪਣੀ ਸਿਆਣਪ ਨਾਲ 'ਆਪ-ਹੁਦਰਾ'** ਹੋ **ਕੇ, 'ਆਪਣੇ ਹੀ ਭਾਣੇ' ਵਿਚ ਚਲਦਾ ਅਤੇ ਦੁਖੀ** ਹੋ **ਰਿਹਾ ਹੈ।**

"ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥"

(ਪੰਨਾ-੬੦੧)

"ਹੁਕਮੁ ਨ ਜਾਣੈ ਬਹੁਤਾ ਰੋਵੈ ॥ ਅੰਦਰਿ ਧੋਖਾ ਨੀਦ ਨ ਸੋਵੈ ॥"

(ਪੰਨਾ-੮੫)

"ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ ॥
ਮਨਹਠਿ ਕਰਮ ਕਮਾਵਦੇ ਨਿਤ ਨਿਤ ਹੋਹਿ ਖੁਆਰੁ ॥" (ਪੰਨਾ-੬੬)

(ਚਲਦਾ............)

©ਸਭ ਹੱਕ ਰਾਖਵੇਂ ਹਨ।

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

**ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ** ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ:-

**Website : www.brahmbungadodra.org**
**E-mail : info@brahmbungadodra.org**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ**
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

**❖ ਸ਼ਾਖਾ ❖**

**ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ** (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

**❖ ਪ੍ਰਕਾਸ਼ਕ ❖**

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.**Harjit**PrintingPress.com S.C.F. 83, Phase 5, SAS Nagar (Mohali). Phones : +91-172-2226297, 5098297